201126_AM_06_Layout 1 11/19/2026 11:54 PM Page 2

ਸਾਡੇ ਚਾਨਣ ਮੀਨਾਰੇ

ਸਿਡਾਨਾ ਗਰੁੱਪ ਖਿਆਲਾ ਖੁਰਦ : ਸਿੱਖਿਆ, ਸਿਹਤ ਤੇ ਸਮਾਜ ਸੇਵਾ ਦੀ ਪਹਿਚਾਣ

ਰਾਮ ਤੀਰਥ, 19 ਨਵੰਬਰ (ਧਰਵਿੰਦਰ ਸਿੰਘ ਔਲਖ)-ਅੱਜ ਦੇ ਆਧੁਨਿਕ ਯੁੱਗ ਵਿਚ ਸਿੱਖਿਆ ਅਤੇ ਸਿਹਤ ਮਨੁੱਖੀ ਜੀਵਨ ਦੀਆਂ ਦੋ ਅਹਿਮ ਲੋੜਾਂ ਹਨ। ਕਿਸੇ ਵੀ ਸਮਾਜ ਦੀ ਤਰੱਕੀ ਲਈ ਮਿਆਰੀ ਸਿੱਖਿਆ, ਉੱਚ ਪੱਧਰੀ ਸਿਹਤ ਸਹੂਲਤਾਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਸਮਰਪਣ ਬਹੁਤ ਜ਼ਰੂਰੀ ਹੈ। ਇਨ੍ਹਾਂ ਸਾਰੇ ਖੇਤਰਾਂ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦਾ ਸਿਡਾਨਾ ਗਰੁੱਪ ਇਕ ਮਹੱਤਵਪੂਰਨ ਨਾਮ ਬਣ ਕੇ ਉੱਭਰਿਆ ਹੈ। ਸਿਡਾਨਾ ਕਾਲਜ ਆਫ਼ ਐਜੂਕੇਸ਼ਨ ਅਧਿਆਪਕ ਸਿੱਖਿਆ ਦੇ ਖੇਤਰ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ।

ਸਿਡਾਨਾ ਨਰਸਿੰਗ ਕਾਲਜ : ਸਿਡਾਨਾ ਨਰਸਿੰਗ ਕਾਲਜ ਸਿਹਤ ਸਿੱਖਿਆ ਦੇ ਖੇਤਰ ਵਿਚ ਨੌਜਵਾਨਾਂ ਨੂੰ ਰੁਜ਼ਗਾਰਮੁਖੀ ਅਤੇ ਕਿੱਤਾਮੁਖੀ ਸਿੱਖਿਆ ਪ੍ਰਦਾਨ ਕਰਨ ਲਈ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਕਾਲਜ ਵਿਚ ਬੀ.ਐੱਸ.ਸੀ. ਨਰਸਿੰਗ (ਚਾਰ ਸਾਲ) ਅਤੇ ਜੀ.ਐੱਨ.ਐੱਮ. (ਤਿੰਨ ਸਾਲ) ਵਰਗੇ ਪ੍ਰਮੁੱਖ ਕੋਰਸ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਲਈ ਹੋਮ ਬੇਸਡ ਕੇਅਰ ਹੈਲਪਰ, ਐਮਰਜੈਂਸੀ ਅਤੇ ਔਬ੍ਰੂਲੈਂਸ ਅਟੈਂਡੈਂਟ, ਓਪਰੇਸ਼ਨ ਥੀਏਟਰ ਅਟੈਂਡੈਂਟ ਅਤੇ ਹਸਪਤਾਲ ਐਂਡ ਹੋਮ ਬੇਸਡ ਕੇਅਰ ਅਟੈਂਡੈਂਟ ਵਰਗੇ ਸ਼ਾਰਟ ਟਰਮ ਕੋਰਸ ਵੀ ਉਪਲਬੱਧ ਹਨ।

ਸਿਡਾਨਾ ਡਿਗਰੀ ਕਾਲਜ : ਉੱਚ ਸਿੱਖਿਆ ਦੇ ਖੇਤਰ ਵਿਚ ਵਿਦਿਆਰਥੀਆਂ ਲਈ ਗਿਆਨ ਅਤੇ ਤਰੱਕੀ ਦੇ ਨਵੇਂ ਰਾਹ ਖੋਲ੍ਹ ਰਿਹਾ ਹੈ। ਇੱਥੇ ਵਿਦਿਆਰਥੀਆਂ ਦੇ ਬੌਧਿਕ ਵਿਕਾਸ, ਹੁਨਰਾਂ ਅਤੇ ਸ਼ਖ਼ਸੀਅਤ ਦੇ ਨਿਰਮਾਣ ਨੂੰ ਮਹੱਤਵ ਦਿੱਤਾ ਜਾਂਦਾ ਹੈ, ਤਾਂ ਜੋ ਉਹ ਆਪਣੇ ਭਵਿੱਖ ਦੇ ਟੀਚਿਆਂ ਨੂੰ ਪ੍ਰਾਪਤ ਕਰ ਸਕਣ।

ਸਿਡਾਨਾ ਇੰਟਰਨੈਸ਼ਨਲ ਸਕੂਲ : ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਮੁੱਖ ਉਦੇਸ਼ ਬਣਾਇਆ ਗਿਆ ਹੈ। ਇੱਥੇ ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ, ਅਨੁਸ਼ਾਸਨ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ।

ਸਿਡਾਨਾ ਮਲਟੀਸਪੈਸ਼ਲਿਟੀ ਹਸਪਤਾਲ : ਸਿੱਖਿਆ ਦੇ ਨਾਲ-ਨਾਲ ਸਿਹਤ ਦੇ ਖੇਤਰ ਵਿਚ ਵੀ ਸਿਡਾਨਾ ਗਰੁੱਪ ਆਪਣਾ ਯੋਗਦਾਨ ਪਾ ਰਿਹਾ ਹੈ। ਸਿਡਾਨਾ ਮਲਟੀਸਪੈਸ਼ਲਿਟੀ ਹਸਪਤਾਲ ਰਾਹੀਂ ਲੋਕਾਂ ਨੂੰ ਵੱਖ-ਵੱਖ ਮੈਡੀਕਲ ਸੇਵਾਵਾਂ ਅਤੇ ਇਲਾਜ ਦੀਆਂ ਸਹੂਲਤਾਂ ਪ੍ਰਦਾਨ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਸਿਡਾਨਾ ਆਯੁਰਵੈਦਿਕ ਹਸਪਤਾਲ : ਇਸੇ ਤਰ੍ਹਾਂ ਸਿਡਾਨਾ ਆਯੁਰਵੈਦਿਕ ਹਸਪਤਾਲ ਰਾਹੀਂ ਆਯੁਰਵੈਦਿਕ ਚਿਕਿਤਸਾ ਅਤੇ ਕੁਦਰਤੀ ਇਲਾਜ ਪ੍ਰਣਾਲੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਆਯੁਰਵੇਦ ਦੇ ਸਿਧਾਂਤਾਂ ਅਨੁਸਾਰ ਸਿਹਤ ਸੰਭਾਲ, ਰੋਗਾਂ ਤੋਂ ਬਚਾਅ ਅਤੇ ਸਿਹਤਮੰਦ ਜੀਵਨਸ਼ੈਲੀ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਇਸ ਦਾ ਮਹੱਤਵਪੂਰਨ ਉਦੇਸ਼ ਹੈ।

ਸਿਡਾਨਾ ਗਰੁੱਪ ਦੀ ਵਿਸ਼ੇਸ਼ਤਾ : ਇਹ ਹੈ ਕਿ ਇਹ ਸਿਰਫ਼ ਸਿੱਖਿਆ ਅਤੇ ਸਿਹਤ ਸੇਵਾਵਾਂ ਤੱਕ ਹੀ ਸੀਮਿਤ ਨਹੀਂ, ਸਗੋਂ ਸਮਾਜ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਦਾ ਹੈ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸਿਡਾਨਾ ਕਾਲਜ ਆਫ਼ ਐਜੂਕੇਸ਼ਨ, ਸਿਡਾਨਾ ਨਰਸਿੰਗ ਕਾਲਜ, ਸਿਡਾਨਾ ਡਿਗਰੀ ਕਾਲਜ, ਸਿਡਾਨਾ ਇੰਟਰਨੈਸ਼ਨਲ ਸਕੂਲ, ਸਿਡਾਨਾ ਮਲਟੀਸਪੈਸ਼ਲਿਟੀ ਹਸਪਤਾਲ ਅਤੇ ਸਿਡਾਨਾ ਆਯੁਰਵੈਦਿਕ ਹਸਪਤਾਲ ਇੱਕੋ ਮਕਸਦ ਨਾਲ ਸਮਾਜ ਦੀ ਸੇਵਾ ਵਿਚ ਆਪਣਾ ਯੋਗਦਾਨ ਪਾ ਰਹੇ ਹਨ।



ਸਿਡਾਨਾ ਕੈਂਪਸ ਖਿਆਲਾ ਖੁਰਦ ਬਾਹਰੀ ਦ੍ਰਿਸ਼ ਅਤੇ ਇਨਸੈੱਟ ਸੰਸਥਾ ਦੇ ਮੁਖੀ ਡਾ. ਜੀਵਨ ਜੋਤੀ ਸਿਡਾਨਾ। ਤਸਵੀਰਾਂ ਰਾਹੀਂ : ਧਰਵਿੰਦਰ ਸਿੰਘ ਔਲਖ



ਕੈਬਨਿਟ ਮੰਤਰੀ ਡਾ. ਹਰਭਜਨ ਸਿੰਘ ਈ.ਟੀ.ਓ. ਦਾ ਮੂਹ ਮਿੱਠਾ ਕਰਵਾਉਂਦੇ ਹੋਏ ਚੇਅਰਮੈਨ ਅਮਰੀਕ ਸਿੰਘ ਸੋਢੀ, ਸਰਪੰਚ ਮਨਜਿੰਦਰ ਸਿੰਘ ਭੀਗੀ, ਮੈਡਮ ਸੁਹਿੰਦਰ ਕੌਰ ਅਤੇ ਹੋਰ। ਤਸਵੀਰ : ਅੰਮ੍ਰਿਤ ਪਾਲ ਸਿੰਘ

ਪੀ.ਐਚ.ਡੀ. ਦੀ ਡਿਗਰੀ ਮਿਲਣ 'ਤੇ ਡਾ. ਹਰਭਜਨ ਸਿੰਘ ਈ.ਟੀ.ਓ. ਨੂੰ ਦਿੱਤੀ ਵਧਾਈ

ਜੰਡਿਆਲਾ ਗੁਰੂ, 19 ਨਵੰਬਰ (ਅੰਮ੍ਰਿਤ ਪਾਲ ਸਿੰਘ)-ਕੈਬਨਿਟ ਮੰਤਰੀ ਡਾ. ਹਰਭਜਨ ਸਿੰਘ ਈ.ਟੀ.ਓ. ਵਲੋਂ ਪੀ.ਐਚ.ਡੀ. ਦੀ ਡਿਗਰੀ ਹਾਸਲ ਕਰਨ 'ਤੇ ਚੇਅਰਮੈਨ ਅਮਰੀਕ ਸਿੰਘ ਸੋਢੀ ਅਤੇ ਸਰਪੰਚ ਮਨਜਿੰਦਰ ਸਿੰਘ ਭੀਗੀ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਨੇ ਡਾ. ਹਰਭਜਨ ਸਿੰਘ ਈ.ਟੀ.ਓ. ਦਾ ਮੂਹ ਮਿੱਠਾ ਕਰਵਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਚੇਅਰਮੈਨ ਅਮਰੀਕ ਸਿੰਘ ਸੋਢੀ ਨੇ ਕਿਹਾ ਕਿ ਡਾ. ਹਰਭਜਨ ਸਿੰਘ ਈ.ਟੀ.ਓ. ਦੀ ਇਹ ਪ੍ਰਾਪਤੀ ਇਸ ਗੱਲ ਦਾ ਪ੍ਰਮਾਣ ਹੈ ਕਿ ਸਿੱਖਿਆ ਹਾਸਲ ਕਰਨ ਦੀ ਕੋਈ ਉਮਰ ਨਹੀਂ ਹੁੰਦੀ। ਦ੍ਰਿੜ੍ਹ ਇੱਛਾ ਸ਼ਕਤੀ, ਮਿਹਨਤ ਅਤੇ ਲਗਨ ਨਾਲ ਇਨਸਾਨ ਕਿਸੇ ਵੀ ਉਮਰ ਵਿਚ ਆਪਣਾ ਟੀਚਾ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਰੁਝੇਵਿਆਂ ਭਰੀ ਜ਼ਿੰਦਗੀ ਅਤੇ ਜ਼ਿੰਮੇਵਾਰੀਆਂ ਦੇ ਬਾਵਜੂਦ ਉੱਚ ਸਿੱਖਿਆ ਹਾਸਲ ਕਰਨਾ ਸ਼ਲਾਘਾਯੋਗ ਹੈ ਅਤੇ ਇਹ ਪ੍ਰਾਪਤੀ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣੇਗੀ। ਸਰਪੰਚ ਮਨਜਿੰਦਰ ਸਿੰਘ ਭੀਗੀ ਨੇ ਵੀ ਡਾ. ਹਰਭਜਨ ਸਿੰਘ ਈ.ਟੀ.ਓ. ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀਆਂ ਰੁਝੇਵਿਆਂ ਭਰੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਉੱਚ ਸਿੱਖਿਆ ਹਾਸਲ ਕਰਕੇ ਸਿੱਖਿਆ ਪ੍ਰਤੀ ਆਪਣੀ ਲਗਨ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਹਰ ਉਸ ਵਿਅਕਤੀ ਲਈ ਪ੍ਰੇਰਨਾ ਹੈ, ਜੋ ਜ਼ਿੰਦਗੀ ਵਿਚ ਕੁਝ ਨਵਾਂ ਸਿੱਖਣ ਅਤੇ ਅੱਗੇ ਵਧਣ ਦੀ ਇੱਛਾ ਰੱਖਦਾ ਹੈ। ਇਸ ਮੌਕੇ ਚੇਅਰਮੈਨ ਅਮਰੀਕ ਸਿੰਘ ਸੋਢੀ ਅਤੇ ਸਰਪੰਚ ਮਨਜਿੰਦਰ ਸਿੰਘ ਭੀਗੀ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਡਾ. ਹਰਭਜਨ ਸਿੰਘ ਈ.ਟੀ.ਓ. ਇਸੇ ਤਰ੍ਹਾਂ ਤਰੱਕੀ ਦੀਆਂ ਬੁਲੰਦੀਆਂ ਛੂਹਣ ਅਤੇ ਲੋਕ ਸੇਵਾ ਦੇ ਕਾਰਜਾਂ ਵਿਚ ਆਪਣਾ ਯੋਗਦਾਨ ਪਾਉਂਦੇ ਰਹਿਣ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸਤਿੰਦਰ ਸਿੰਘ, ਕੌਂਸਲਰ ਸਨੈਣਾ ਰੰਧਾਵਾ, ਨਵਦੀਪ ਸਿੰਘ, ਵਿਜੇ ਮੱਟੀ, ਸਾਬਕਾ ਸਰਪੰਚ ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਐਲ ਆਈ ਸੀ ਹਾਊਸਿੰਗ ਫਾਇਨਾਂਸ ਲਿਮਟਿਡ

ਐਸ ਸੀ ਓ 2445-2446, ਪਹਿਲੀ ਮੰਜ਼ਿਲ, ਸੈਕਟਰ 22-ਸੀ, ਚੰਡੀਗੜ੍ਹ-160022

ਈ-ਨਿਲਾਮੀ ਵਿਕਰੀ ਸੂਚਨਾ

ਜਦੋਂਕਿ ਨਿਮਨਹਸਤਾਖਰੀ ਨੇ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਐਲ ਆਈ ਸੀ ਹਾਊਸਿੰਗ ਫਾਇਨਾਂਸ ਲਿਮਟਿਡ (ਐਲ ਆਈ ਸੀ ਐਚ ਐਫ ਐਲ) ਦਾ ਅਧਿਕਾਰਿਤ ਅਧਿਕਾਰੀ ਹੋਣ ਦੇ ਨਾਤੇ ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੀ ਜਾਂਦੀ ਧਾਰਾ 13(2) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਲਿਖੇ ਕਰਜ਼ਦਾਰਾਂ/ਗਿਰਵੀਕਾਰਾਂ/ ਗਰੰਟਰਾਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਉਕਤ ਨੋਟਿਸਾਂ ਵਿਚ ਦਰਸਾਈ ਬਕਾਇਆ ਰਾਸ਼ੀ ਅਦਾ ਕਰਨ ਲਈ ਕਿਹਾ ਸੀ। ਫਿਰ ਵੀ ਕਰਜ਼ਦਾਰ/ਗਿਰਵੀਕਾਰ/ਗਾਰੰਟਰ ਉਕਤ ਬਕਾਇਆ ਰਾਸ਼ੀ ਅਦਾ ਕਰਨ ਵਿਚ ਅਸਫਲ ਰਹੇ ਹਨ। ਨਿਮਨਹਸਤਾਖਰੀ ਨੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੀ ਧਾਰਾ 14 ਅਧੀਨ ਅਤੇ ਧਾਰਾ 13(4) ਅਧੀਨ ਸੌਂਪੀਆਂ ਸ਼ਕਤੀਆਂ ਦੀ ਵਰਤੋਂ ਕਰਕੇ ਸੰਕੇਤਿਕ ਕਬਜ਼ਾ (ਐਸ) ਲੈ ਲਿਆ ਹੈ।

ਇਹ ਨੋਟਿਸ ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਐਲ ਆਈ ਸੀ, ਐਚ ਐਫ ਐਲ ਕੋਲ ਗਿਰਵੀ ਹੈ। ਜਿਸ ਦਾ ਕਬਜ਼ਾ ਐਲ ਆਈ ਸੀ ਐਚ ਐਫ ਐਲ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਉਥੇ ਜੋ ਵੀ ਹੈ' ਆਧਾਰ 'ਤੇ ਅਤੇ ਬਿਨਾਂ ਕਿਸੇ ਗੈਰੰਟਰ ਆਧਾਰ 'ਤੇ ਨਿਲਾਮੀ ਦੀ ਮਿਤੀ ਨੂੰ ਵਿਕਰੀ ਕੀਤਾ ਜਾਵੇਗਾ। ਜਿਸ ਦੇ ਸੰਖੇਪ ਵੇਰਵੇ ਹੇਠ ਦਿੱਤੇ ਗਏ ਹਨ।

ਕਰਜ਼ਦਾਰ ਦਾ ਨਾਂਅ : ਸਰਬਜੀਤ ਸਿੰਘ
ਕਰਜ਼ ਨੰ. 3003110000932

ਜਾਇਦਾਦ ਦਾ ਵੇਰਵਾ

ਜਾਇਦਾਦ ਦਾ ਮੁਕੰਮਲ ਵੇਰਵਾ : ਮਕਾਨ ਨੰ. 21, ਖਾਨਾਸ਼ੁਮਾਰੀ ਨੰ. ਐਸ-1/619 ਖਸਰਾ ਨੰ. 398/19-20, 400/19-20, 446/25, 447/25 ਮਿਨ 25, 20 ਅਤੇ 19 ਮਿਨ ਅਰਬਨ ਸਰਕਲ ਨੰ. 107, ਆਬਾਦੀ ਮੁਸਲਿਮ ਮੁਹੱਲਾ, ਸੈਤ ਨਗਰ, ਅੰਦਰਵਾਰ ਗੇਟ ਹਕੀਮਾਂ ਵਾਲਾ, ਅੰਮ੍ਰਿਤਸਰ, ਪੰਜਾਬ-143006 (ਪਲਾਟ ਏਰੀਆ 100 ਵਰਗ ਗਜ਼)

ਡਿਮਾਂਡ ਨੋਟਿਸ ਦੀ ਮਿਤੀ : 22.05.2026	ਖਾਤਾ ਵੇਰਵੇ
ਮੰਗ ਕੀਤੀ ਗਈ ਰਾਸ਼ੀ : ਰੁਪਏ 21,79,841.57 ਹੋਰ ਵਿਆਜ, ਲਾਗਤ ਅਤੇ ਖਰਚਿਆਂ ਸਹਿਤ	
ਕਬਜ਼ੇ ਦੀ ਮਿਤੀ (ਐਸ) ਸੰਕੇਤਿਕ ਕਬਜ਼ਾ : 28.07.2026	ਲਾਭਪਾਤਰੀ ਦਾ ਨਾਂਅ : ਐਲ ਆਈ ਸੀ ਹਾਊਸਿੰਗ ਫਾਇਨਾਂਸ ਲਿਮਟਿਡ
ਰਾਖਵੀਂ ਕੀਮਤ : ਰੁਪਏ 55,00,000/- (ਰੁਪਏ ਪਚਵੰਜਾ ਲੱਖ ਕੇਵਲ)	ਬੈਂਕ : ਐਕਸਿਜ਼ ਬੈਂਕ, ਕੇਂਦਰੀਕ੍ਰਿਤ ਕੁਲੈਕਸ਼ਨ ਹੱਬ
ਈ ਐਮ ਡੀ : ਰੁਪਏ 5,50,000/- (ਰੁਪਏ ਪੰਜ ਲੱਖ ਪੰਜਾਹ ਹਜ਼ਾਰ ਕੇਵਲ)	ਖਾਤਾ ਨੰ : LHCD3003110000932
ਮਿਤੀ : 20.11.2026 ਨੂੰ ਅਦਾਇਗੀਯੋਗ ਕੁੱਲ ਰਾਸ਼ੀ ਰੁਪਏ 23,30,621/- (ਰੁਪਏ ਤੇਈ ਲੱਖ, ਤੀਹ ਹਜ਼ਾਰ, ਛੇ ਸੌ ਇੱਕੀ ਕੇਵਲ)	ਆਈ ਐਫ ਐਸ ਸੀ ਕੋਡ : UTIB0CCH274
ਪ੍ਰਾਪਰਟੀ ਦਸਤਾਵੇਜ਼ਾਂ ਦੀਆਂ ਫੋਟੋਕਾਪੀਆਂ ਦੇ ਨਿਰੀਖਣ ਦੀ ਮਿਤੀ ਅਤੇ ਸਮਾਂ	ਮਿਤੀ ਅਤੇ ਸਮਾਂ ਅਰਸਾ : 22.12.2026 ਬਾਅਦ ਦੁਪਹਿਰ 1.00 ਵਜੇ ਤੱਕ
	ਪ੍ਰਾਪਰਟੀ ਦਾ ਪਤਾ ਜਿਥੇ ਦਸਤਾਵੇਜ਼ਾਂ ਦਾ ਨਿਰੀਖਣ ਕੀਤਾ ਜਾ ਸਕਦਾ ਹੈ: ਐਸ ਸੀ ਓ 125, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ ਸਾਹਮਣੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਰਣਜੀਤ ਐਵੇਨਿਊ, ਅੰਮ੍ਰਿਤਸਰ-143001
ਜਾਇਦਾਦ ਦਾ ਨਿਰੀਖਣ (ਸਮਾਂ ਦਫ਼ਤਰ ਦੀ ਸੁਵਿਧਾ ਅਨੁਸਾਰ ਨਿਰਧਾਰਤ ਕੀਤਾ ਜਾਵੇਗਾ)	**ਨਿਰੀਖਣ ਲਈ ਮਿਤੀ ਅਤੇ ਸਮਾਂ ਅਰਸਾ :** 22.12.2026 ਦੁਪਹਿਰ 12.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ
ਸੰਪਰਕ ਵਿਅਕਤੀ :	**ਸੰਪਰਕ ਵੇਰਵੇ :** ਕੁਦਰਤ ਕੌਰ ਗਿੱਲ/ਮੋ. 7973041768
ਈ-ਨਿਲਾਮੀ ਦੀ ਵੈੱਬਸਾਈਟ : Bankauctions.in	**ਈ-ਨਿਲਾਮੀ ਸੇਵਾ ਪ੍ਰਦਾਤਾ ਦਾ ਨਾਂਅ :** ਮੈਸ 4 ਕਲੋਜ਼ਰ
ਸੇਵਾ ਪ੍ਰਦਾਤਾ ਤੋਂ ਈ-ਨਿਲਾਮੀ ਦੇ ਸੰਪਰਕ ਵੇਰਵੇ	ਈ-ਨਿਲਾਮੀ ਸੇਵਾ ਪ੍ਰਦਾਤਾ ਦਾ ਪਤਾ, ਡੀਲਿੰਗ ਵਿਅਕਤੀ ਦਾ ਨਾਂਅ, ਈਮੇਲ ਅਤੇ ਸੰਪਰਕ ਵੇਰਵੇ :- ਐਮ. ਕਿਰਨਮਈ, ਸਹਾਇਕ ਮੈਨੇਜਰ-ਪੀ ਆਰ ਮੈਸ. 4 ਕਲੋਜ਼ਰ, ਮੋਬਾਈਲ : 81420-00066/81420-00062 ਈਮੇਲ : info@bankauctions.in; Bankauctions.in
ਆਨਲਾਈਨ ਟੈਂਡਰ/ਬੋਲੀ ਪੇਸ਼ ਕਰਨ ਦੀ ਅੰਤਿਮ ਮਿਤੀ	ਮਿਤੀ ਅਤੇ ਸਮਾਂ 22.12.2026 ਬਾ. ਦੁ. 3.00 ਵਜੇ ਤੱਕ
ਈ-ਨਿਲਾਮੀ ਮਿਤੀ	ਨਿਲਾਮੀ ਦੀ ਮਿਤੀ ਅਤੇ ਸਮਾਂ ਅਰਸਾ 23.12.2026 ਦੁਪਹਿਰ 12.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ

*** ਨਿਲਾਮੀ ਦੇ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਆਫੀਸ਼ੀਅਲ ਵੈੱਬਸਾਈਟ https://online.lichousing.com/eauction/ ਵਿਚ ਅੰਤਿਕਾ ਵਜੋਂ ਦਰਸਾਈਆਂ ਗਈਆਂ ਹਨ।**

ਮਿਤੀ : 20.11.2026 ਸਥਾਨ : ਚੰਡੀਗੜ੍ਹ **ਸਹੀ/-ਅਧਿਕਾਰਤ ਅਧਿਕਾਰੀ**



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿਚ ਸ਼ਹਿਰ ਮਜੀਠਾ ਵਿਚ ਪ੍ਰਭਾਤ ਫੇਰੀ ਵਿਚ ਸ਼ਾਮਿਲ ਹੋਏ ਸਿੱਖ ਸੇਵਕ ਜਥੇ ਦੇ ਮੈਂਬਰ ਅਤੇ ਸੰਗਤਾਂ। ਤਸਵੀਰ: ਮਨਿੰਦਰ ਸਿੰਘ ਸੋਖੀ

ਮਜੀਠਾ ਵਿਖੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਵਿਸ਼ਾਲ ਨਗਰ ਕੀਰਤਨ 23 ਨੂੰ

ਮਜੀਠਾ, 19 ਨਵੰਬਰ (ਮਨਿੰਦਰ ਸਿੰਘ ਸੋਖੀ)-ਪਹਿਲੀ ਪਾਤਸ਼ਾਹੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਧੰਨ ਧੰਨ ਬਾਬਾ ਦੀਪ ਸਿੰਘ ਜੀ ਨਿਸ਼ਕਾਮ ਸੇਵਾ ਸੁਸਾਇਟੀ, ਸਿੱਖ ਸੇਵਕ ਜਥਾ, ਗੁਰਦੁਆਰਾ ਮਾਈਆਂ ਵਾਲਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਸੰਗਤਸਰ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ 23 ਨਵੰਬਰ ਨੂੰ ਸ਼ਹਿਰ ਮਜੀਠਾ ਵਿਖੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਵਲੋਂ ਮਿਲੀ ਜਾਣਕਾਰੀ ਅਨੁਸਾਰ ਇਹ ਨਗਰ ਕੀਰਤਨ 23 ਨਵੰਬਰ ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਨਵਾਂ ਬੱਸ ਅੱਡਾ ਮਜੀਠਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਆਰੰਭ ਹੋਵੇਗਾ। ਜਿਹੜਾ ਕਿ ਸ਼ਹਿਰ ਦੇ ਵੱਖ ਵੱਖ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਮਾਈਆਂ ਵਾਲਾ ਮਜੀਠਾ ਵਿਖੇ ਸਮਾਪਤ ਹੋਵੇਗਾ। ਇਸ ਦੇ ਨਾਲ ਹੀ ਗੁਰਦੁਆਰਾ ਮਾਈਆਂ ਵਾਲਾ ਵਿਖੇ 12 ਨਵੰਬਰ ਤੋਂ ਸ੍ਰੀ ਅਖੰਡ ਪਾਠਾਂ ਦੀ ਚੱਲ ਰਹੀ ਲੜੀ ਦੇ ਭੋਗ 24 ਨਵੰਬਰ ਨੂੰ ਸਵੇਰੇ 10 ਵਜੇ ਪੈਣਗੇ। ਇਸੇ ਦਿਨ ਸ਼ਾਮ